# ਜਿਨਿ ਹਰਿ ਮੀਤੁ ਮਿਲਾਇਓ

**ਬੈਰਾੜੀ ਮਹਲਾ ੪ ॥**

ਇਹ ਸ਼ਬਦ ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਬੈਰਾੜੀ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ ਅਤੇ ਪੰਨਾ ੭੧੯ ਤੇ ਸੁਭਾਇਮਾਨ ਹੈ।

**ਮਨ ਮਿਲਿ ਸੰਤ ਜਨਾ ਜਸੁ ਗਾਇਓ ॥**

**ਹਰਿ ਹਰਿ ਰਤਨੁ ਰਤਨੁ ਹਰਿ ਨੀਕੋ ਗੁਰਿ ਸਤਿਗੁਰਿ ਦਾਨੁ ਦਿਵਾਇਓ॥੧॥ ਰਹਾਉ ॥**

-- ਹੇ ਮੇਰੇ ਮਨ ! ਸੰਤ ਜਨਾਂ ਦੀ ਸੰਗਤਿ ਕਰਦੇ ਹੋਏ, ਵਾਹਿਗੁਰੂ ਦਾ ਜੱਸ ਕਰੀਏ, ਸਿਮਰਨ ਕਰੀਏ, ਨਾਮ ਜਪੀਏ।

ਸੰਤ, ਭਗਤ, ਸਾਧੂ ਜਨਾਂ ਦਾ ਪ੍ਰਮੁਖ ਕੰਮ ਜਗਿਆਸੂ ਨੂੰ ਨਾਮ ਜਪਾਉਣਾ ਹੀ ਹੁੰਦਾ ਹੈ ਅਤੇ ਰਾਮ, ਪ੍ਰਭੂ ਦਾ ਮੁਕਤੀ ਪਰਦਾਨ ਕਰਨਾ, ਇਸੇ ਲਈ ਹੀ ਭਗਤ ਕਬੀਰ ਜੀ ਦਾ ਫ਼ੁਰਮਾਣ ਹੈ ਕਿ ਸੇਵਾ, ਸਿਮਰਨ ਰਾਮ ਦੇ ਅਤੇ ਸੰਤ ਦੇ, ਦੋਹਾਂ ਦੇ ਹੀ ਭਲੇ ਹਨ - 'ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕ ਰਾਮੁ।। ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ।।', ਪੰਨਾ ੧੩੭੩. ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਫ਼ੁਰਮਾਣ ਹੈ ਕਿ ਭਗਤ ਜਨਾਂ ਦੀ ਸੰਗਤਿ ਕਰਦਿਆਂ ਹੀ ਰਸਨਾ ਤੇ ਨਾਮ ਚੜ੍ਹਦਾ ਹੈ - 'ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ।।', ਪੰਨਾ ੧੩੩. ਪਾਤਸ਼ਾਹ ਦੇ ਬਚਨ ਹਨ ਕਿ ਸੰਤ ਜਨਾਂ ਦੀ ਸੰਗਤਿ ਕਰਦੇ ਹੋਏ ਸਿਮਰਨ ਕਰਨ ਨਾਲ, ਕ੍ਰੋੜਾਂ ਜਨਮਾਂ ਦੇ, ਮਾੜੇ ਕਰਮਾਂ ਕਰਕੇ ਅਰਜਿਤ ਕੀਤੇ ਦੁਖ ਗੁਆਚ ਜਾਂਦੇ ਹਨ - 'ਸੰਤ ਜਨਾ ਮਿਲਿ ਹਰਿ ਜਸੁ ਗਾਇਓ।। ਕੋਟਿ ਜਨਮ ਕੇ ਦੂਖ ਗਵਾਇਓ।।', ਪੰਨਾ ੭੨੦.

-- 'ਹਰਿ ਹਰਿ...' ਦਾ, ਭਾਵ '**ਵਾਹਗੁਰੂ ਵਾਹਗੁਰੂ...**' ਦਾ ਜਾਪ ਕਰਨਾ ਬਹੁਤ ਅਮੋਲਕ ਰਤਨ ਹੈ, ਜਿਸ ਦਾ ਦਾਨ ਉਸ ਗੁਰੂ ਨੇ, ਉਸ ਸਚੇ ਗੁਰੂ ਨੇ ਪ੍ਰਭੂ ਪਾਸੋਂ ਦਾਨ ਵਿਚ ਦਿਵਾਇਆ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਦੇ ਬਚਨ ਹਨ ਕਿ ਸਚੇ ਗੁਰੂ ਦੇ ਤੁਠ ਪੈਣ ਨਾਲ,

ਆਪਣੇ ਅੰਦਰ ਹੀ ਇਹ ਰਤਨਾਂ ਦਾ ਭੰਡਾਰ ਮਿਲ ਜਾਂਦਾ ਹੈ - 'ਸਤਿਗੁਰਿ ਤੁਠੈ ਪਾਈਅਨਿ ਅੰਦਰਿ ਰਤਨ ਭੰਡਾਰਾ।।', ਪੰਨਾ ੧੪੧. ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਫ਼ੁਰਮਾਣ ਅਨੁਸਾਰ, ਸਾਧੂ ਗੁਰੂ ਦੀ ਸੰਗਤਿ ਵਿਚ ਮਨੁਖ ਨੂੰ ਨਾਮ ਰੂਪੀ ਹੀਰੇ ਤੇ ਰਤਨ ਪਦਾਰਥ ਲਭ ਪੈਂਦੇ ਹਨ, ਪ੍ਰਾਪਤੀ ਹੋ ਜਾਂਦੀ ਹੈ - 'ਗੁਰ ਸਾਧੂ ਸੰਗਤਿ ਮਿਲੈ ਹੀਰੇ ਰਤਨ ਲਭੰਨਿ੍।।', ਪੰਨਾ ੧੪੧੩. ਗੁਰਬਾਣੀ ਅਨੁਸਾਰ ਅਸਲ ਰਤਨ, ਰਾਮ ਪ੍ਰਭੂ ਦਾ ਨਾਮ ਹੈ, ਸਿਮਰਨ ਦੀ ਦਾਤ ਹੈ। ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਸਾਧੂ ਦੀ ਸ਼ਰਣ ਲੈਣ ਨਾਲ ਇਹ ਰਤਨ ਹਿਰਦੇ ਵਿਚ ਪ੍ਰਵੇਸ਼ ਕਰ ਜਾਂਦਾ ਹੈ ਜੋ ਸਾਂਭ ਕੇ ਰਖਣਾ ਹੈ - 'ਮਿਲਿ ਸਾਧੂ ਸਰਣਿ ਗਹੁ ਪੂਰਨ ਰਾਮ ਰਤਨੁ ਹੀਅਰੇ ਸੰਗਿ ਰਾਖੁ।।', ਪੰਨਾ ੨੦੪.

**ਤਿਸੁ ਜਨ ਕਉ ਮਨੁ ਤਨੁ ਸਭੁ ਦੇਵਉ ਜਿਨਿ ਹਰਿ ਹਰਿ ਨਾਮੁ ਸੁਨਾਇਓ ॥**
**ਧਨੁ ਮਾਇਆ ਸੰਪੈ ਤਿਸੁ ਦੇਵਉ ਜਿਨਿ ਹਰਿ ਮੀਤੁ ਮਿਲਾਇਓ ॥੧॥**

-- ਜਿਸ ਜਨ ਨੇ ਮੈਨੂੰ 'ਹਰਿ ਹਰਿ...' ਵਾਹਗੁਰੂ ਵਾਹਗੁਰੂ... ਨਾਮ ਜਪਾਇਆ ਹੈ ਉਸ ਨੂੰ ਮੈਂ ਆਪਣਾ ਮਨ ਅਤੇ ਤਨ, ਸਭ ਕੁਝ ਸੌਂਪ ਦਿਆਂ।

ਸ੍ਰੀ ਗੁਰੂ ਨਾਨਕ ਸਾਹਿਬ ਬਚਨ ਕਰਦੇ ਹਨ ਕਿ ਮੈਂ ਆਪਣਾ ਮਸਤਕ ਕਟ ਕੇ ਉਸ ਸੰਤ ਅਗੇ ਧਰ ਦਿਆਂ ਤਨ ਮਨ ਸਭ ਦੇ ਦਿਆਂ ਜਿਸ ਦੇ ਮਿਲਣ ਨਾਲ ਸਹਜ ਸੁਭਾਇ, ਪ੍ਰਭੂ ਦਾ ਜਸ ਮਿਲੇ ਤੇ ਫ਼ਿਰ ਸਚ, ਪ੍ਰਭੂ ਮਿਲ ਪਏ - 'ਮਸਤਕੁ ਕਾਟਿ ਧਰੀ ਤਿਸੁ ਆਗੈ ਤਨੁ ਮਨੁ ਆਗੈ ਦੇਉ।। ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜ ਭਾਇ ਜਸੁ ਲੇਉ।।', ਪੰਨਾ ੯੩੮. ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਬਚਨ ਹਨ ਕਿ ਜੋ ਆਪਣੇ ਪਿਆਰੇ ਪ੍ਰਭੂ ਦੀ ਸਿਫ਼ਤ ਸਲਾਹ ਕਰਦੇ ਹਨ, ਉਹ ਸਦਾ ਉਨ੍ਹਾਂ ਤੋਂ ਬਲਿਹਾਰ ਜਾਂਦੇ ਹਨ। ਉਨ੍ਹਾਂ ਨੂੰ ਆਪਣਾ ਮਨ ਤਨ ਅਰਪਣ ਕਰ ਦਈਏ, ਉਨ੍ਹਾਂ ਦੇ ਚਰਨਾਂ ਨਾਲ ਲਗ ਜਾਈਏ - 'ਪਿਰੁ ਸਾਲਾਹਨਿ ਆਪਣਾ ਤਿਨ ਕੈ ਹਉ ਸਦ ਬਲਿਹਾਰੈ ਜਾਉ।। ਮਨੁ ਤਨੁ ਅਰਪੀ ਸਿਰੁ ਦੇਈ ਤਿਨ ਕੈ ਲਾਗਾ ਪਾਇ।।', ਪੰਨਾ ੩੮.

ਪੰਚਮ ਪਾਤਸ਼ਾਹ ਦੇ ਬਚਨ ਹਨ ਕਿ ਉਸ ਨੂੰ ਆਪਣਾ ਮਨ ਤਨ ਅਰਪਣ ਕਰ ਕੇ ਉਸ ਦੀ ਸੇਵਾ ਕਰਾਂ ਜੋ ਪ੍ਰਭੂ ਦੇ ਨਾਮ ਨਾਲ ਮੇਰੀ ਪ੍ਰੀਤ ਲਗਾ ਦਏ - 'ਮਨੁ

ਤਨੁ ਅਰਪੀ ਸੇਵ ਕਰੀਜੈ।। ਕਵਨ ਸੁ ਜੁਗਤਿ ਜਿਤੁ ਕਰਿ ਭੀਜੈ।।', ਪੰਨਾ ੧੯੧. ਪਾਤਸ਼ਾਹ ਦੇ ਬਚਨ ਹਨ ਕਿ ਮੈਂ ਆਪਣਾ ਤਨ ਧਨ ਮਨ ਉਨ੍ਹਾਂ ਸੰਤਾਂ ਦਾ ਕਰ ਦਿਤਾ ਹੈ ਜਿਨ੍ਹਾਂ ਦੀ ਕਿਰਪਾ ਨਾਲ ਨਾਮ ਧਿਆਇਆ ਹੈ, ਜਿਸ ਸਦਕਾ ਮੈਨੂੰ ਪਰਮ ਸੁਖ ਮਿਲਿਆ ਹੈ - 'ਤਨੁ ਸੰਤਨ ਕਾ ਧਨੁ ਸੰਤਨ ਕਾ ਮਨੁ ਸੰਤਨ ਕਾ ਕੀਆ।। ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ ਸਰਬ ਕੁਸਲ ਤਬ ਥੀਆ।।', ਪੰਨਾ ੬੧੦. ਉਹ ਸਿਖਿਆ ਦੇਣ ਵਾਲੇ ਨੂੰ ਮੈਂ ਆਪਣਾ ਤਨ ਮਨ ਧਨ ਅਰਪਣ ਕਰ ਦਿਆਂ, ਜਿਸ ਸੀਖ ਤੇ ਚਲ ਕੇ ਮੈਂ 'ਹਰਿ ਹਰਿ...' ਵਾਹਗੁਰੂ ਵਾਹਗੁਰੂ... ਜਪ ਸਕਾਂ - 'ਤਨੁ ਮਨੁ ਧਨੁ ਅਰਪਉ ਸਭੁ ਅਪਨਾ।। ਕਵਨ ਸੁ ਮਤਿ ਜਿਤੁ ਹਰਿ ਹਰਿ ਜਪਨਾ।।', ਪੰਨਾ ੮੦੪. ਨਾਮ ਦੀ ਪ੍ਰਾਪਤੀ ਲਈ ਤਨ ਮਨ ਅਤੇ ਸਭ ਕੁਝ ਅਰਪ ਦਈਏ ਕਿਉਂਕਿ ਇਸ ਜਗ ਵਿਚ ਨਾਮ ਹੀ ਉਤਮ ਹੈ - 'ਤਨੁ ਮਨੁ ਅਰਪਿ ਧਰੀ ਸਭੁ ਆਗੈ ਜਗ ਮਹਿ ਨਾਮੁ ਸੁਹਾਵਣਾ।।', ਪੰਨਾ ੧੦੮੫. ਗੁਰੂ ਦੀ ਪ੍ਰੀਤੀ, ਭਾਵ, ਉਸ ਦੇ ਨਾਮ ਬਦਲੇ ਮੈਂ ਆਪਣਾ ਮਨ ਤਨ ਅਰਪ ਦਿਆਂ - 'ਮਨੁ ਤਨੁ ਅਰਪੈ ਕ੍ਰਿਸਨ ਪਰੀਤਿ।।', ਪੰਨਾ ੯੭੪.

-- ਜਿਸ ਨੇ ਮੈਨੂੰ ਮੇਰਾ ਅਸਲ ਮਿਤਰ, ਮੇਰਾ ਗੁਰੂ/ਪ੍ਰਭੂ ਮਿਲਾਇਆ ਹੈ, ਮੈਂ ਉਸ ਨੂੰ ਆਪਣਾ ਸਾਰਾ ਧਨ, ਮਾਇਆ, ਸੰਪੱਤੀ ਆਦਿ ਦੇ ਦਿਆਂ।੧।

ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਬਚਨ ਹਨ ਕਿ ਜੋ ਕੋਈ ਆ ਕੇ ਮੈਨੂੰ ਮੇਰੇ ਪ੍ਰੀਤਮ ਨਾਲ ਮਿਲਾ ਦਏ, ਉਸ ਕੋਲ ਮੈਂ ਆਪਣਾ ਆਪਾ ਵੇਚ ਦਿਆਂ। ਇਥੋਂ ਤਕ ਕਿ ਆਪਣਾ ਤਨ ਮਨ ਕਟ ਕਟ ਕੇ ਉਸ ਦੇ ਅਰਪਣ ਕਰ ਦਿਆਂ, ਉਹ ਚਾਹੇ ਤਾਂ ਅਗ ਵਿਚ ਸਾੜ ਦਿਆਂ - 'ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ।।..ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ।।', ਪੰਨਾ ੭੫੭.

ਪੰਚਮ ਪਾਤਸ਼ਾਹ ਦੇ ਬਚਨ ਹਨ ਕਿ ਮੈਂ ਆਪਣਾ ਤਨ ਮਨ ਧਨ ਉਸ ਨੂੰ ਅਰਪਣ ਕਰ ਦਿਆਂ ਜੋ ਮੈਨੂੰ ਮੇਰਾ ਪ੍ਰਭੂ ਮਿਲਾ ਦਏ - 'ਤਨੁ ਮਨੁ ਧਨੁ ਅਰਪਉ ਤਿਸੈ ਪ੍ਰਭੂ ਮਿਲਾਵੈ ਮੋਹਿ।।', ਪੰਨਾ ੨੫੬. ਹੋਰ ਬਚਨ ਕਰਦੇ ਹਨ ਕਿ

ਜਿਹੜਾ ਕਿਰਪਾ ਕਰਕੇ ਮੇਰੇ ਪ੍ਰਭੂ ਨੂੰ ਮੈਨੂੰ ਮਿਲਾ ਦਏ, ਮੈਂ ਉਸ ਦੇ ਅਖ ਝਪਕਣ ਦੇ ਸਮੇਂ ਜਿਤਨੇ ਵੀ ਦਰਸ਼ਨ ਕਰ ਲਵਾਂ, ਅਜਿਹੇ ਮਨੁਖ ਨੂੰ ਮੈਂ ਆਪਣਾ ਹਿਰਦਾ, ਸਭ ਮਨ ਤਨ ਅਰਪਣ ਕਰ ਦਿਆਂ ਅਤੇ ਆਪਣਾ ਸੀਸ ਉਸ ਦੇ ਚਰਨਾਂ ਤੇ ਰਖ ਦਿਆਂ - 'ਹੀਂਉ ਦੇਂਉ ਸਭੁ ਮਨੁ ਤਨੁ ਅਰਪਉ ਸੀਸੁ ਚਰਣ ਪਰ ਰਾਖਿਓ।।..ਕਰਹੁ ਕ੍ਰਿਪਾ ਮੋਹਿ ਪ੍ਰਭੁ ਮਿਲਾਵਹੁ ਨਿਮਖ ਦਰਸੁ ਪੇਖਾਗਿਓ।।', ਪੰਨਾ ੧੨੦੪.

**ਖਿਨੁ ਕਿੰਚਿਤ ਕ੍ਰਿਪਾ ਕਰੀ ਜਗਦੀਸਰਿ ਤਬ ਹਰਿ ਹਰਿ ਹਰਿ ਜਸੁ ਧਿਆਇਓ॥**

**ਜਨ ਨਾਨਕ ਕਉ ਹਰਿ ਭੇਟੇ ਸੁਆਮੀ ਦੁਖੁ ਹਉਮੈ ਰੋਗੁ ਗਵਾਇਓ ॥੨॥੨॥**

-- ਇਸ ਤਰੀਕੇ ਨਾਲ ਜਦੋਂ ਜਗਤ ਦੇ ਮਾਲਕ ਪ੍ਰਭੂ ਦੀ ਖਿੰਨ ਭਰ ਲਈ ਥੋੜੀ ਜਿਤਨੀ ਵੀ ਕਿਰਪਾ ਹੋ ਗਈ ਤਾਂ ਉਦੋਂ ਹੀ ਮੇਰਾ 'ਹਰਿ ਹਰਿ ਹਰਿ...', 'ਵਾਹਗੁਰੂ ਵਾਹਗੁਰੂ ਵਾਹਗੁਰੂ...', ਹਰੀ ਦਾ ਜਸ ਸਿਮਰਨ ਸ਼ੁਰੂ ਹੋ ਗਿਆ।

ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਫ਼ੁਰਮਾਣ ਹੈ ਕਿ ਜਿਸ ਤੇ ਮੇਰਾ ਸੁਆਮੀ ਪ੍ਰਭੂ ਕਿਰਪਾ ਕਰ ਦਿੰਦਾ ਹੈ ਉਸ ਨੂੰ ਗੁਰੂ ਰਾਹੀਂ ਨਾਮ ਜਪਣ ਦੀ ਸੀਖ ਦੇ ਦਿੰਦਾ ਹੈ। ਉਹ ਮਨੁਖ ਹਰੀ ਦਾ ਨਾਮ ਹੀ ਜਪਦਾ ਹੈ, ਗਾਉਂਦਾ ਹੈ, ਇਹੀ ਹਰੀ ਦਾ ਨਾਮ ਉਸ ਨੂੰ ਅੰਤ ਸਮੇਂ ਛਡਾਅ ਲੈਂਦਾ ਹੈ - 'ਜਿਸ ਨੋ ਕ੍ਰਿਪਾ ਕਰੇ ਮੇਰਾ ਸੁਆਮੀ ਤਿਸੁ ਗੁਰ ਕੀ ਸਿਖ ਸੁਣਾਇ।। ਹਰਿ ਨਾਮੁ ਧਿਆਵੈ ਹਰਿ ਨਾਮੋ ਗਾਵੈ ਹਰਿ ਨਾਮੋ ਅੰਤਿ ਛਡਾਇ।।', ਪੰਨਾ ੫੧੨.

ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਫ਼ੁਰਮਾਣ ਹੈ ਕਿ ਜਿਸ ਤੇ ਪ੍ਰਭੂ ਨੇ ਦਇਆ ਕਰ ਕੇ ਮੇਲਣਾ ਹੁੰਦਾ ਹੈ ਉਸ ਨੂੰ 'ਹਰਿ ਹਰਿ..' ਵਾਹਿਗੁਰੂ ਵਾਹਿਗੁਰੂ.. ਨਾਮ ਜਪਣ ਤੇ ਲਗਾ ਦਿੰਦਾ ਹੈ - 'ਜਿਨ ਕਉ ਤੁਮ ਦਇਆ ਕਰਿ ਮੇਲਹੁ ਤੇ ਹਰਿ ਹਰਿ ਸੇਵ ਲਗਾਨੇ।।', ਪੰਨਾ ੧੭੦. ਹੋਰ ਫ਼ੁਰਮਾਣ ਕਰਦੇ ਹਨ ਕਿ ਜਿਸ ਤੇ ਜਗਤ ਦੇ ਜੀਵਨ, ਪ੍ਰਭੂ ਨੇ ਕਿਰਪਾ ਕੀਤੀ ਹੈ, ਉਸ ਨੇ ਹਰੀ ਦਾ ਨਾਮ ਮਨ ਵਿਚ ਵਸਾ ਲਿਆ ਹੈ - 'ਜਿਨ ਕਉ ਕ੍ਰਿਪਾ ਕਰੀ ਜਗਜੀਵਨਿ ਹਰਿ ਉਰਿ ਧਾਰਿਓ ਮਨ ਮਾਝਾ।।', ਪੰਨਾ ੬੯੮.

-- ਫ਼ਲਸਰੂਪ, ਪ੍ਰਭੂ ਦੇ ਇਸ ਜਨ ਨਾਨਕ ਨੂੰ ਵਾਹਿਗੁਰੂ, ਹਰੀ ਪ੍ਰਭੂ ਦਾ ਮੇਲ ਹੋ ਗਿਆ ਜਿਸ ਨਾਲ ਹਉਮੈ ਦਾ ਦੁਖ ਦੂਰ ਹੋ ਗਿਆ।੨।੨।

ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਫ਼ੁਰਮਾਣ ਹੈ ਕਿ ਜਦੋਂ ਗੁਰੂ ਦੀ ਕਿਰਪਾ ਨਾਲ ਪ੍ਰਭੂ ਮਨ ਵਿਚ ਵਸ ਜਾਂਦਾ ਹੈ ਤਾਂ ਹਉਮੈ ਦੂਰ ਹੋ ਜਾਂਦੀ ਹੈ - 'ਗੁਰ ਪਰਸਾਦੀ ਮਨਿ ਵਸੈ  ਹਉਮੈ ਦੂਰਿ ਕਰੇਇ।।', ਪੰਨਾ ੩੦. ਪੰਚਮ ਪਾਤਸ਼ਾਹ ਦਾ ਫ਼ੁਰਮਾਣ ਹੈ ਕਿ ਸਤਿਗੁਰੂ ਦੀ ਪ੍ਰਾਪਤੀ ਨਾਲ ਹਉਮੈ ਦਾ ਨਾਸ ਹੋ ਜਾਂਦਾ ਹੈ - 'ਸਤਿਗੁਰ ਭੇਟਤ  ਹਉਮੈ ਮਾਰੀ।।', ਪੰਨਾ ੧੮੩.

ਇੰਵ ਇਸ ਸ਼ਬਦ ਵਿਚ ਪ੍ਰਭੂ ਦੇ ਮਿਲਾਪ ਦੀ ਤਾਂਘ ਕੀਤੀ ਗਈ ਹੈ, ਜਿਸ ਲਈ ਨਾਮ ਜਪਣਾ ਜ਼ਰੂਰੀ ਹੈ। ਪ੍ਰਭੂ ਕਿਰਪਾ ਸਦਕਾ, ਜਿਹੜਾ ਪਿਆਰਾ ਨਾਮ ਜਪਾ ਦਿੰਦਾ ਹੈ, ਪ੍ਰਭੂ ਮਿਲਾ ਦਿੰਦਾ ਹੈ, ਉਸ ਅਗੇ ਤਨ ਮਨ ਧਨ ਅਰਪਣ ਕਰਨ ਦਾ ਉਪਦੇਸ਼ ਹੈ।